# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 98772-46588, +1 (418) 887-0162

Epaper World Punjabi Times — 24 ਮਾਰਚ 2024 ਦਿਨ ਐਤਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਯੂਥ ਵੀਰਾਂਗਨਾਂਏਂ (ਰਜਿ.) ਇਕਾਈ ਬਠਿੰਡਾ ਨੇ ਹੋਲੀ ਮੌਕੇ ਲੋੜਵੰਦ ਬੱਚਿਆਂ ਨੂੰ ਮਿਠਾਈ ਤੇ ਰੰਗ ਵੰਡੇ

ਵਰਲਡ ਪੰਜਾਬੀ ਟਾਈਮਜ਼ — ਗੁਰਪ੍ਰੀਤ ਚਹਿਲ



ਬਠਿੰਡਾ, 24 ਮਾਰਚ : ਯੂਥ ਵੀਰਾਂਗਨਾਂਏਂ (ਰਜਿ.) ਇਕਾਈ ਬਠਿੰਡਾ ਵੱਲੋਂ ਹੋਲੀ ਦਾ ਪਵਿੱਤਰ ਤਿਉਹਾਰ ਜਰੂਰਤਮੰਦ ਬੱਚਿਆਂ ਨੂੰ ਮਿਠਾਈ, ਰੰਗ ਅਤੇ ਪਿਚਕਾਰੀਆਂ ਆਦਿ ਵੰਡ ਕੇ ਮਨਾਇਆ ਗਿਆ। ਇਸ ਮੌਕੇ ਯੂਥ ਵੀਰਾਂਗਨਾਂਏਂ ਅੰਕਿਤਾ ਦੀ ਅਗਵਾਈ ਵਿਚ ਯੂਥ ਵਲੰਟੀਅਰਾਂ ਨੇ ਝੀਲਾਂ ਨੇੜੇ ਆਰਥਿਕ ਪੱਖੋਂ ਕਮਜੋਰ ਪਰਿਵਾਰਾਂ ਦੇ ਬੱਚਿਆਂ ਅਤੇ ਪਰਿਵਾਰਾਂ ਨੂੰ ਹੋਲੀ ਦਾ ਰੰਗ ਲਗਾਇਆ ਅਤੇ ਪਵਿੱਤਰ ਹੋਲੀ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਯੂਥ ਵਲੰਟੀਅਰਾਂ ਨੇ ਕਿਹਾ ਕਿ ਸਾਡੀ ਸੰਸਥਾ ਦੀਆਂ ਮੈਂਬਰਾਂ ਨੇ ਅੱਜ ਰਲ ਮਿਲ ਕੇ ਇਨਾਂ ਜਰੂਰਤਮੰਦ ਬੱਚਿਆਂ ਨਾਲ ਇਹ ਪਵਿੱਤਰ ਤਿਉਹਾਰ ਮਨਾਇਆ ਹੈ। ਉਨਾਂ ਕਿਹਾ ਕਿ ਜਰੂਰਤਮੰਦ ਬੱਚਿਆਂ ਨਾਲ ਅੱਜ ਇਹ ਤਿਉਹਾਰ ਮਨਾ ਕੇ ਉਨਾਂ ਨੂੰ ਬਹੁਤ ਸਕੂਨ ਮਿਲਿਆ ਹੈ। ਉਨਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਸਾਨੂੰ ਤਿਉਹਾਰਾਂ ਮੌਕੇ ਆਪਣੀ ਖੁਸ਼ੀ ਨੂੰ ਹੋਰ ਵਧਾਉਣ ਲਈ ਜਰੂਰਤਮੰਦਾਂ ਦੀ ਮੱਦਦ ਕਰਨੀ ਚਾਹੀਦੀ ਹੈ ਤਾਂ ਕਿ ਇਹ ਲੋਕ ਵੀ ਤਿਉਹਾਰਾਂ ਨੂੰ ਖੁਸ਼ੀ ਨਾਲ ਮਨਾ ਸਕਣ। ਇਸ ਮੌਕੇ ਯੂਥ ਵੀਰਾਂਗਨਾਂਏਂ ਸਪਨਾ, ਸੁਨੀਤਾ, ਅਨੁ ਸ਼ਰਮਾ, ਅਨੁ ਅਰੋੜਾ, ਨੀਰੂ, ਆਰਤੀ ਅਤੇ ਹੋਰ ਵਲੰਟੀਅਰਾਂ ਹਾਜਰ ਸਨ।

## ਲਵਲੀ ਯੂਨੀਵਰਸਿਟੀ ਜਲੰਧਰ ਵਿਖੇ ਹੋਈਆਂ ਵੈਟਰਨ ਖੇਡਾਂ ਵਿੱਚ ਰੋਮੀ ਘੜਾਮੇਂ ਵਾਲ਼ੇ ਨੇ ਜਿੱਤੇ ਦੋ ਗੋਲਡ ਅਤੇ ਇੱਕ ਸਿਲਵਰ ਮੈਡਲ

ਵਰਲਡ ਪੰਜਾਬੀ ਟਾਈਮਜ਼




ਜਲੰਧਰ , 24 ਮਾਰਚ : ਇੱਥੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਖੇਡ ਗਰਾਊਂਡ ਵਿਖੇ ਹੋਈਆਂ ਵੈਟਰਨ ਖੇਡਾਂ ਵਿੱਚ ਵੱਖੋ-ਵੱਖ ਜਿਲ੍ਹਿਆਂ ਤੋਂ ਆਏ ਮਾਸਟਰ ਖਿਡਾਰੀਆਂ ਨੇ ਹਿੱਸਾ ਲਿਆ। ਇਸੇ ਦੌਰਾਨ ਜਿਲ੍ਹਾ ਰੋਪੜ ਵੱਲੋਂ 40+ ਉਮਰ ਵਰਗ ਲਈ ਗੁਰਬਿੰਦਰ ਸਿੰਘ (ਰੋਮੀ ਘੜਾਮੇਂ ਵਾਲ਼ਾ) ਨੇ 1500 ਮੀਟਰ ਦੌੜ ਤੇ ਪੋਲ ਵਾਲਟ ਵਿੱਚ ਪਹਿਲੇ ਸਥਾਨ ਤੇ ਰਹਿੰਦਿਆਂ ਦੋ ਗੋਲਡ ਮੈਡਲ ਅਤੇ 10 ਕਿਲੋਮੀਟਰ ਦੌੜ ਵਿੱਚ ਦੂਸਰਾ ਸਥਾਨ ਮੱਲਦਿਆਂ ਸਿਲਵਰ ਮੈਡਲ ਜਿੱਤਿਆ। ਜਿਕਰਯੋਗ ਹੈ ਕਿ ਰੋਮੀ ਪਹਿਲਾਂ ਵੀ ਸੂਬਾ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਦਰਜਣਾਂ ਹੀ ਮੈਡਲ ਜਿੱਤ ਚੁੱਕਿਆ ਹੈ।

## ਬੇਰ ਬਗੀਚਾ ਮੇਲਾ ਗੁੜੇ(ਲੁਧਿਆਣਾ) ਸੰਪੂਰਨ ਖੇਤਰੀ ਫ਼ਲ਼, ਖੇਤਰੀ ਪਹਿਰਾਵੇ, ਖੇਤਰੀ ਪਕਵਾਨ ਤੇ ਖੇਤਰੀ ਫ਼ਸਲਾਂ ਦੀ ਸੁਯੋਗ ਵਰਤੋਂ ਲਈ ਲੋਕ ਚੇਤਨਾ ਲਹਿਰ ਦੀ ਸਖ਼ਤ ਲੋੜ ਹੈ— ਗੁਰਭਜਨ ਗਿੱਲ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾਃ 24 ਮਾਰਚ : ਪੰਜਾਬੀ ਲੋਕ ਵਿਰਾਸਤ ਅਕਾਡਮੀ ਅਤੇ ਬਾਬੂਸ਼ਾਹੀ ਡਾਟ ਕਾਮ ਦੇ ਸਹਿਯੋਗ ਨਾਲ਼ ਮਿੱਠੇ ਪੋਲੇ ਬੇਰਾਂ ਦੀ ਧਰਤੀ ਵਜੋਂ ਜਾਣੇ ਜਾਂਦੇ ਪਿੰਡ ਗੁੜੇ (ਨੇੜੇ ਚੌਂਕੀਮਾਨ) ਜ਼ਿਲ੍ਹਾ ਲੁਧਿਆਣਾ ਵਿਖੇ ਸ.ਗੁਰਮੀਤ ਸਿੰਘ ਮਾਨ ਦੇ ਖੇਤਾਂ ਵਿੱਚ ਬੇਰ ਬਗੀਚਾ ਮੇਲੇ ਦਾ ਆਯੋਜਨ ਕੀਤਾ ਗਿਆ। ਇਸ ਮੇਲੇ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪਸਾਰ ਮਾਹਿਰਾਂ,ਕਿਸਾਨਾਂ, ਖਿਡਾਰੀਆਂ, ਲੇਖਕਾਂ ਤੇ ਇਫਕੋ ਸਹਿਕਾਰੀ ਸੰਸਥਾ ਦੇ ਮਾਹਿਰਾਂ ਤੇ ਅੰਤਰਰਾਸ਼ਟਰੀ ਪੱਧਰ ਦੀਆਂ ਸੱਭਿਆਚਾਰਕ ਸਖ਼ਸ਼ੀਅਤਾਂ ਨੇ ਹਿੱਸਾ ਲਿਆ।






ਪ੍ਰੋ. ਗੁਰਭਜਨ ਸਿੰਘ ਗਿੱਲ ਚੇਅਰਮੈਨ ਪੰਜਾਬੀ ਲੋਕ ਵਿਰਾਸਤ ਅਕਾਡਮੀ ਨੇ ਸਵਾਗਤੀ ਸ਼ਬਦ ਬੋਲਦਿਆਂ ਕਿਹਾ ਕਿ ਸਾਡੇ ਖੇਤਰੀ ਫ਼ਲ਼, ਖੇਤਰੀ ਪਹਿਰਾਵੇ, ਖੇਤਰੀ ਪਕਵਾਨ ਤੇ ਖੇਤਰੀ ਫ਼ਸਲਾਂ ਸ਼ਾਂਭਣ ਲਈ ਅਜਿਹੇ ਮੇਲੇ ਲਗਾਉਣੇ ਬਹੁਤ ਜ਼ਰੂਰੀ ਹਨ। ਇਹਨਾਂ ਦੀ ਮਹਿਕ ਪੰਜਾਬ ਅਤੇ ਪੰਜਾਬੀਅਤ ਨੂੰ ਹਮੇਸ਼ਾ ਤਰੋ ਤਾਜਾ ਰੱਖਦੀ ਹੈ।ਬਾਬੂਸ਼ਾਹੀ ਡਾਟ ਕਾਮ ਵੱਲੋਂ ਬਲਜੀਤ ਬੱਲੀ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਡੀ ਖੁਰਾਕ ਬਾਜਰਾ, ਕੋਧਰੇ ਤੇ ਮੱਕੀ ਵਰਗੀਆਂ ਰਵਾਇਤੀ ਫਸਲਾਂ ਸਨ, ਸਾਡੇ ਬਠਿੰਡਾ ਇਲਾਕੇ ਵਿੱਚ ਕਣਕ ਦੀ ਰੋਟੀ ਤਾਂ ਕਿਸੇ ਮਹਿਮਾਨ ਦੇ ਆਏ ਤੇ ਹੀ ਬਣਦੀ ਸੀ।

ਉਹ ਚੰਡੀਗੜ੍ਹ ਸ਼ਹਿਰ ਵਿੱਚ ਰਹਿੰਦੇ ਹੋਏ ਗੁੜਿਆਂ ਵਿੱਚ ਲੱਗੀਆਂ ਮਿੱਠੇ ਪੋਲੇ ਬੇਰਾਂ ਦੀ ਘਾਟ ਮਹਿਸੂਸ ਕਰਦੇ ਹਨ।

ਡਾ. ਗੁਰਇਕਬਾਲ ਸਿੰਘ ਜਨਰਲ ਸਕੱਤਰ ਪੰਜਾਬੀ ਲੋਕ ਵਿਰਾਸਤ ਅਕਾਡਮੀ ਨੇ ਕਿਹਾ ਕਿ ਸਾਨੂੰ ਸਮੇਂ ਦੇ ਨਾਲ਼ ਚੱਲਦੇ ਹੋਏ ਸਾਡੀਆਂ ਭਾਈਚਾਰੇ ਤੇ ਏਕਤਾ ਦੀਆਂ ਰਵਾਇਤਾਂ ਨੂੰ ਕਾਇਮ ਰੱਖਣ ਦੀ ਜ਼ਰੂਰਤ ਹੈ।

ਪ੍ਰਸਿੱਧ ਪੱਤਰਕਾਰ ਸ. ਗੁਰਪ੍ਰੀਤ ਸਿੰਘ ਮੰਡਿਆਣੀ ਨੇ ਕਿਹਾ ਕਿ ਬੇਰਾਂ ਵਰਗੀ ਉਸਲ ਨੂੰ ਅੰਤਰਰਾਸ਼ਟਰੀ ਪੱਧਰ ਤੱਕ ਪਹੁੰਚਾਉਣ ਲਈ ਸਹੀ ਤੇ ਸਮੇਂ ਸਿਰ ਮੰਡੀਕਰਨ ਦੀ ਜ਼ਰੂਰਤ ਹੈ। ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਪਹਿਲਵਾਨ ਕਰਤਾਰ ਸਿੰਘ ਰੀਟਃ ਆਈ ਜੀ ਨੇ ਆਪਣੇ ਬਚਪਨ ਵਿੱਚ ਖਾਧੇ ਫਲ਼ਾਂ ਅਤੇ ਮੇਵਿਆਂ ਨੂੰ ਯਾਦ ਕਰਦਿਆਂ ਸਿਹਤ ਪ੍ਰਤੀ ਫਲ਼ਾਂ ਦੇ ਮਹੱਤਵ ਦੀ ਗੱਲ ਕੀਤੀ।

ਪ੍ਰਸਿੱਧ ਲੋਕ ਗਾਇਕ ਪਾਲੀ ਦੇਤਵਾਲ਼ੀਆ ਤੇ ਵਤਨਜੀਤ ਸਿੰਘ ਨੇ ਆਪਣੇ ਪਰਿਵਾਰਕ ਗੀਤਾਂ ਨਾਲ਼ ਚੰਗਾ ਰੰਗ ਬੰਨਿਆ। ਸ. ਗੁਰਨਾਮ ਸਿੰਘ ਬਠਿੰਡਾ ਨੇ ਲਹਿਰਾ ਮੁਹੱਬਤ ਪਿੰਡ ਦੇ ਟਿੱਬਿਆਂ ਵਿੱਚ ਉਗਾਈਆਂ ਪੁਰਾਤਨ ਬੇਰੀਆਂ ਤੇ ਗਿੱਦੜਾਂ ਵੱਲੋਂ ਕੀਤੇ ਜਾਂਦੇ ਨੁਕਸਾਨ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਥਰਮਲ ਪਲਾਂਟ ਦੀ ਉੱਡਦੀ ਸਵਾਹ ਨੇ ਵੀ ਸਾਡੇ ਸੁਪਨੇ ਤੋੜੇ।

ਇਸ ਮੌਕੇ ਪੰਜਾਬ ਖੇਤੀ ਯੂਨੀਵਰਸਿਟੀ ਦੇ ਡਿਪਟੀ ਡਾਇਰੈਕਟਰ ਸੰਚਾਰ ਡਾ.ਅਨਿਲ ਸ਼ਰਮਾ ਵੱਲੋਂ ਬੇਰਾਂ ਬਾਰੇ ਪੀ ਏ ਯੂ ਦੇ ਸਹਿਯੋਗ ਨਾਲ਼ ਤਿਆਰ ਕੀਤੇ ਸਾਹਿੱਤ ਬਾਰੇ ਦੱਸਿਆ ।ਉਨ੍ਹਾਂ ਯੂਨੀਵਰਸਿਟੀ ਵੱਲੋਂ 2007 ਵਿੱਚ ਪ੍ਰਕਾਸ਼ਿਤ ਪਿਸਤਕ ਬੇਰ ਦੀਆਂ ਪੰਜ ਕਾਪੀਆਂ ਪੰਜ ਅਗਾਂਹਵਧੂ ਫ਼ਲ ਉਤਪਾਦਕਾਂ ਨੂੰ ਭੇਂਟ ਕੀਤੀਆਂ। ਟੋਰੰਟੋ ਵਾਸੀ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਵੀਸ਼ਰ ਸਤਿੰਦਰਪਾਲ ਸਿੰਘ ਸਿੱਧਵਾਂ ਨੇ ਆਪਣੀ ਰਵਾਇਤੀ ਗਾਇਕੀ ਰਾਹੀਂ ਮੇਲੇ ਵਿੱਚ ਸ਼ਮੂਲੀਅਤ ਕਰ ਕੇ ਮੇਲਾ ਲੁੱਟ ਲਿਆ। ਉਹ ਇਸੇ ਪਿੰਡ ਵਿੱਚ ਪੜ੍ਹਾਉਂਦੀ ਆਪਣੀ। ◌ਾਤਾ ਜੀ ਸਰਦਾਰਨੀ ਗੁਰਦੇਵ ਕੌਰ ਨਾਲ ਪੰਜਵੀਂ ਜਮਾਤ ਤੀਕ ਪੜ੍ਹਨ ਆਉਂਦੇ ਰਹੇ ਹਨ। ਉਹ ਸ. ਗੁਰਮੀਤ ਸਿੰਘ ਮਾਨ ਦੇ ਪ੍ਰਾਇਮਰੀ ਸਕੂਲ ਵਿੱਚ ਜਮਾਤੀ ਸਨ। ਪ੍ਰਸਿੱਧ ਖੇਡ ਲਿਖਾਰੀ ਨਵਦੀਪ ਸਿੰਘ ਗਿੱਲ ਨੇ ਇਸ ਤੋਂ ਪਹਿਲਾਂ ਪੰਜਾਬ ਵਿੱਚ ਲਗਾਏ ਗਏ ਮੇਲੇ ਅੰਬ ਚੂਪ ਮੇਲਾ ਅਤੇ ਪੰਜਾਬੀ ਵਿਰਾਸਤ ਦੀਆਂ ਵੰਨਗੀਆਂ ਬਾਰੇ ਦਿਲਚਸਪ ਗੱਲਾਂ ਕੀਤੀਆਂ। ਇਫਕੋ ਦੇ ਸਟੇਟ ਹੈੱਡ ਹਰਮੇਲ ਸਿੰਘ ਸਿੱਧੂ ਨੇ ਕਿਹਾ ਕਿ ਖੇਤੀ ਉੱਨਤ ਧੰਦਾ ਹੈ। ਸਾਨੂੰ ਲੋੜ ਅਨੁਸਾਰ ਹੀ ਖਾਦ ਦੀ ਵਰਤੋ ਕਰਨ ਦੀ ਜ਼ਰੂਰਤ ਹੈ ਇਸ ਨਾਲ਼ ਹੀ ਅਸੀਂ ਆਪਣੀ ਮਿੱਟੀ ਦੀ ਉਪਜਾਊ ਸ਼ਕਤੀ ਬਚਾ ਸਕਦੇ ਹਾਂ। ਅੰਮ੍ਰਿਤਸਰ ਤੋਂ ਆਏ ਕ੍ਰਿਭਕੋ ਤੇ ਇਫਕੋ ਦੇ ਲੰਮਾ ਸਮਾਂ ਉੱਚ ਅਧਿਕਾਰੀ ਰਹੇ ਸ. ਕੁਲਦੀਪ ਸਿੰਘ ਸੰਧੂ ਨੇ ਕਿਹਾ ਕਿ ਸਾਨੂੰ ਕਿਰਤ, ਬੋਲੀ ਅਤੇ ਆਪਣੇ ਸਿਧਾਂਤ ਤੇ ਪਹਿਰਾ ਦੇਣਾ ਚਾਹੀਦਾ ਹੈ। ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਪੰਜਾਬੀ ਸਾਹਿੱਤ ਅਕਾਡਮੀ ਦੇ ਮੀਤ ਪ੍ਰਧਾਨ ਤ੍ਰੈਲੋਚਨ ਲੋਚੀ, ਕੌਮੀ ਪੁਰਸਕਾਰ ਵਿਜੇਤਾ ਅਧਿਆਪਕ ਤੇ ਪੰਜਾਬੀ ਸਾਹਿੱਤ ਅਕਾਡਮੀ ਦੇ ਪ੍ਰਬੰਧੀ ਬੋਰਡ ਮੈਂਬਰ ਕਰਮਜੀਤ ਸਿੰਘ ਗਰੇਵਾਲ,ਰਾਜਦੀਪ ਸਿੰਘ ਤੂਰ, ਪ੍ਰਭਜੋਤ ਸੋਹੀ ਅਤੇ ਪ੍ਰਿੰਸੀਪਲ ਦਲਜੀਤ ਕੌਰ ਹਠੂਰ ਨੇ ਰਚਨਾਵਾਂ ਸੁਣਾ ਕੇ ਮੇਲੇ ਵਿੱਚ ਵੱਖਰਾ ਰੰਗ ਭਰਿਆ। ਮਲਵਿੰਦਰ ਸਿੰਘ ਸਰਪੰਚ ਗੁੜੇ ਨੇ ਕਿਹਾ ਕਿ ਉਹ ਹਰ ਸਾਲ ਇਸ ਮੇਲੇ ਨੂੰ ਪਿੰਡ ਵਿੱਚ ਵੱਡੇ ਪੱਧਰ ਤੇ ਲਾਉਣਗੇ। ਮੰਚ ਸੰਚਾਲਨ ਦਾ ਕਾਰਜ ਕਰਮਜੀਤ ਸਿੰਘ ਗਰੇਵਾਲ਼ ਨੇ ਬਾਖੂਬੀ ਨਿਭਾਇਆ। ਇਸ ਮੌਕੇ ਨਰਿੰਦਰ ਸਿੰਘ ਫਰੰਟੀਅਰ ਮਾਲਕ ਹਾਈ ਟੈੱਕ ਡੇਅਰੀ ਫਾਰਮ ਨੇ ਬਾਰੀਕੀ ਦੀ ਖੇਤੀ ਉੱਪਰ ਜ਼ੋਰ ਦਿੱਤਾ ਅਤੇ ਬੇਰ ਦੀ ਪੌਸ਼ਟਿਕਤਾ ਬਾਰੇ ਲੋਕ ਚੇਤਨਾ ਲਹਿਰ ਚਲਾਉਣ ਲਈ ਪੰਜਾਬੀ ਲੋਕ ਵਿਰਾਸਤ ਅਕਾਡਮੀ ਤੇ ਬਾਬੂਸ਼ਾਹੀ ਡਾਟ ਕਾਮ ਦੀ ਸ਼ਲਾਘਾ ਕੀਤੀ। ਇਸ ਮੌਕੇ ਸ. ਜਸਵਿੰਦਰ ਸਿੰਘ ਵਿਰਕ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਲੁਧਿਆਣਾ, ਪੰਜਾਬੀ ਸੱਭਿਆਚਾਰਕ ਸੱਥ ਦੇ ਚੇਅਰਮੈਨ ਸ. ਜਸਮੇਰ ਸਿੰਘ ਢੱਟ, ਲਿਬਰਲ ਪਾਰਟੀ ਦੇ ਕੌਮਾ ਆਗੂ ਸ. ਹਰਦਮ ਸਿੰਘ ਮਾਂਗਟ ਟੋਰੰਟੋ ਕੈਨੇਡਾ, ਸਰਪੰਚ ਦਾਦ ਜਗਦੀਸ਼ਪਾਲ ਸਿੰਘ ਗਰੇਵਾਲ, ਸ. ਸੁਰਜੀਤ ਸਿੰਘ ਗਿੱਲ ਡੈਲਸ(ਅਮਰੀਕਾ)ਮੇਜਰਜੀਤ ਸਿੰਘ ਉੱਘੇ ਟਰਾਂਸਪੋਰਟਰ,ਨਾਟਕਕਾਰ ਮੋਹੀ ਅਮਰਜੀਤ ਦੌਧਰ, ਸੰਜੀਵ ਸੂਦ,ਨਵਨੀਤ ਸਿੰਘ ਸੇਖਾ ਮੋਗਾ,ਅਵਤਾਰ ਸਿੰਘ ਏ ਜੀ ਐੱਮ ਬੈਂਕ ਆਫ ਇੰਡੀਆ ਤੇ ਹੋਰ ਸਖ਼ਸ਼ੀਅਤਾਂ ਨੇ ਸ਼ਮੂਲੀਅਤ ਕੀਤੀ। ਸਮਾਗਮ ਦੇ ਅੰਤ ਵਿੱਚ ਮਾਨ ਫਾਰਮ ਹਾਊਸ ਦੇ ਮਾਲਕ ਸ. ਗੁਰਮੀਤ ਸਿੰਘ ਮਾਨ ਨੇ ਸਭ ਮਹਿਮਾਨਾਂ ਤੇ ਲਾਈਵ ਟੈਲੀਕਾਸਟ ਲਈ ਮਾਲਵਾ ਟੀ ਵੀ ਦਾ ਧੰਨਵਾਦ ਕੀਤਾ।

## ਡਾ.ਅੰਬੇਡਕਰ ਚੌਕ ਜਗਰਾਉਂ ਅਤੇ ਸ਼ਹੀਦ ਭਗਤ ਸਿੰਘ ਕਮਿਊਨਟੀ ਸੈਂਟਰ ਵਿਖੇ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ

ਵਰਲਡ ਪੰਜਾਬੀ ਟਾਈਮਜ਼



ਜਗਰਾਉਂ 24 ਮਾਰਚ : ਅੱਜ ਮਿਤੀ 23 ਮਾਰਚ ਨੂੰ ਜਗਰਾਉਂ ਵਿਖੇ ਸ਼ਹੀਦ ਭਗਤ, ਰਾਜਗੁਰੂ ਅਤੇ ਸੁਖਦੇਵ ਨੂੰ ਯਾਦ ਕੀਤਾ ਗਿਆ ਇਸ ਦਾ ਆਯੋਜਨ ਡਾ ਅੰਬੇਡਕਰ ਵੈਲਫੇਅਰ ਟਰੱਸਟ ਜਗਰਾਉਂ,ਬਾਮਸੇਫ ਅਤੇ ਬਹੁਜਨ ਜੱਥੇਬੰਦੀਆਂ ਵੱਲੋਂ ਕੀਤਾ ਗਿਆ ਇਸ ਮੌਕੇ ਕੁਲਵੰਤ ਸਿੰਘ ਸਹੋਤਾ, ਰਛਪਾਲ ਸਿੰਘ ਗਾਲਿਬ,ਬੀ ਪੀ ਈ ਓ ਸੁਖਦੇਵ ਸਿੰਘ ਹਠੂਰ, ਡਾ ਜਸਵੀਰ ਸਿੰਘ, ਅਰੁਣ ਕੁਮਾਰ ਗਿੱਲ,ਮਾ.ਰਣਜੀਤ ਸਿੰਘ ਹਠੂਰ, ਪ੍ਰਿੰਸੀਪਲ ਰਜਿੰਦਰ ਸਿੰਘ ਕਾਉਂਕੇ ਆਦਿ ਬੁਲਾਰਿਆਂ ਨੇ ਸ਼ਹੀਦਾਂ ਦੀ ਕੁਰਬਾਨੀ ਅਤੇ ਵਿਚਾਰਧਾਰਾ ਸੰਬੰਧੀ ਵਿਚਾਰ ਪੇਸ਼ ਕੀਤੇ ਅਤੇ ਇਤਿਹਾਸ ਦੀਆਂ ਮਹੱਤਵਪੂਰਨ ਕਿਤਾਬਾਂ ਪੜ੍ਹਨ ਦੀ ਗੱਲ ਕੀਤੀ

ਇਸ ਤੋਂ ਬਿਨਾਂ ਸ਼ਹੀਦ ਭਗਤ ਸਿੰਘ ਕਮਿਊਨਟੀ ਸੈਂਟਰ ਦੀ ਖਸਤਾ ਹਾਲਤ ਦੇਖਦਿਆਂ ਇਸ ਨੂੰ ਨਵੇਂ ਸਿਰੇ ਤੋਂ ਵਧੀਆ ਨਕਸ਼ਾ ਬਣਾ ਕੇ ਉਸਾਰਨ ਦੀ ਸਰਕਾਰ ਤੋਂ ਮੰਗ ਕੀਤੀ ਗਈ ਤਾਂ ਕਿ ਸ਼ਹੀਦਾਂ ਦੀ ਯਾਦ ਵਿੱਚ ਬਣੀ ਯਾਦਗਾਰ ਵਿੱਚ ਸੈਮੀਨਾਰ ਕੀਤੇ ਜਾਣ ਅਤੇ ਗਰੀਬ ਲੋਕ ਆਪਣੀਆਂ ਲੜਕੀਆਂ ਦੇ ਵਿਆਹ ਆਦਿ ਕਰਨ ਲਈ ਇਸ ਸਹੂਲਤ ਦਾ ਫਾਇਦਾ ਉਠਾ ਸਕਣ। ਇਸ ਤੋਂ ਬਿਨਾਂ ਇਸ ਦੇ ਸਾਹਮਣੇ ਬਣੇ ਡਾ.ਅੰਬੇਡਕਰ ਚੌਕ ਦੀ ਸਾਂਭ ਸੰਭਾਲ ਬਾਰੇ ਵੀ ਚਰਚਾ ਕੀਤੀ ਗਈ ।ਬੁਲਾਰਿਆਂ ਨੇ ਕਿਹਾ ਕਿ ਜਿਵੇਂ ਸ਼ਹੀਦਾਂ ਦਾ ਦੇਸ਼ ਦੀ ਤਰੱਕੀ ਲਈ ਯੋਗਦਾਨ ਹੈ ਓਸੇ ਤਰਾਂ ਵਿਚਾਰਧਾਰਕ ਯੁੱਗ ਪੁਰਸ਼ ਡਾ.ਅੰਬੇਡਕਰ ਵਰਗੇ ਵਿਦਵਾਨਾਂ ਦਾ ਦੇਸ਼ ਲਈ ਵੱਡਾ ਯੋਗਦਾਨ ਹੈ ਮ। ਸ਼ਹੀਦ ਅਤੇ ਵਿਦਵਾਨ ਫਿਲਾਸਫਰ ਸਭ ਦੇ ਸਾਂਝੇ ਹਨ ਇਹਨਾਂ ਦੇ ਜੀਵਨ ਸੰਘਰਸ਼ ਬਾਰੇ ਸਾਨੂੰ ਸਭ ਨੂੰ ਜਰੂਰ ਪੜ੍ਹਨਾਂ ਜਾਨਣਾ ਚਾਹੀਦਾ ਹੈ ਇਸ ਮੌਕੇ ਡਾ.ਜਸਵੀਰ ਸਿੰਘ, ਸ ਘੁਮੰਡਾ ਸਿੰਘ ,ਸ਼੍ਰੀਮਤੀ ਗੁਰਦੇਵ ਕੌਰ ,ਇਕਬਾਲ ਸਿੰਘ ਰਸੂਲਪੁਰ ,ਕੁਲਵੰਤ ਸਿੰਘ ਸਹੋਤਾ ,ਮੈਨੇਜਰ ਸਰੂਪ ਸਿੰਘ ,ਡਾ ਮਨਜੀਤ ਸਿੰਘ ਲੀਲਾਂ ,ਸੁਰਜੀਤ ਸਿੰਘ ਦੇਸ਼ਭਗਤ ,ਅਰੁਣ ਕੁਮਾਰ ਗਿੱਲ ,ਸਰਪੰਚ ਦਰਸ਼ਨ ਸਿੰਘ ਪੋਨਾ ,ਸ ਮਸਤਾਨ ਸਿੰਘ ,ਬੀ ਪੀ ਈ ਓ ਸੁਖਦੇਵ ਸਿੰਘ ਹਠੂਰ ,ਹੈਡ ਮਾਸਟਰ ਗੁਰਪ੍ਰੀਤ ਸਿੰਘ ,ਰਛਪਾਲ ਸਿੰਘ ਗਾਲਿਬ ,ਪ੍ਰਿੰਸੀਪਲ ਰਜਿੰਦਰ ਸਿੰਘ ਕਾਉਂਕੇ ,ਮੈਨੇਜਰ ਜਸਵੰਤ ਸਿੰਘ ,ਮੈਨੇਜਰ ਜਸਵੀਰ ਸਿੰਘ ਭੱਟੀ ,ਮੈਨੇਜਰ ਗੁਰਦੀਪ ਸਿੰਘ ,ਸਤਨਾਮ ਸਿੰਘ ਹਠੂਰ ,ਮੈਨੇਜਰ ਬਲਵਿੰਦਰ ਸਿੰਘ ,ਅਵੀਜੋਤ ਸਿੰਘ ,ਸ ਦਰਸ਼ਨ ਸਿੰਘ ਧਾਲੀਵਾਲ ,ਪਿੰਕੀ ਗਿੱਲ ਆਦਿ ਮੈਂਬਰ ਹਾਜ਼ਰ ਹੋਏ

## ਸਬਲੋਕ ਨਿਊਜ਼ ਐਂਡ ਐਂਟਰਟੇਨਮੈਂਟ ਚੈਨਲ ਦਾ ਕੀਤਾ ਉਦਘਾਟਨ

ਵਰਲਡ ਪੰਜਾਬੀ ਟਾਈਮਜ਼ — ਸ਼ਾਇਰ ਭੱਟੀ



ਚੰਡੀਗੜ੍ਹ 24 ਮਾਰਚ: ਅੱਜ ਸਬਲੋਕ ਨਿਊਜ਼ ਐਂਡ ਐਂਟਰਟੇਨਮੈਂਟ ਚੈਨਲ ਦਾ ਉਦਘਾਟਨ ਕੀਤਾ ਗਿਆ। ਇਸ ਚੈਨਲ ਦੇ ਸਰਪ੍ਰਸਤ ਸ਼੍ਰੀ ਸਵਰਨ ਸਿੰਘ ਜਿਨ੍ਹਾਂ ਨੇ ਇਸ ਚੈਨਲ ਅਤੇ ਚੈਨਲ ਦੀ ਕਾਰਗੁਜ਼ਾਰੀ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਚੈਨਲ ਦੁਆਰਾ ਹਮੇਸ਼ਾ ਹੱਕ ਸੱਚ ਦੀ ਆਵਾਜ਼ ਉਠਾਈ ਜਾਏਗੀ। ਉਹਨਾਂ ਨੇ ਦੱਸਿਆ ਕਿ ਇਸ ਚੈਨਲ ਦੁਆਰਾ ਦਰਸ਼ਕਾਂ ਨਾਲ ਹਰ ਲੋੜੀਂਦੀ ਜਾਣਕਾਰੀ ਸਾਂਝੀ ਕੀਤੀ ਜਾਏਗੀ। ਇਸ ਚੈਨਲ ਦੁਆਰਾ ਕੁੱਝ ਖ਼ਾਸ ਅਤੇ ਦਿਲਚਸਪ ਪ੍ਰੋਗਰਾਮ ਵੀ ਪੇਸ਼ ਕੀਤੇ ਜਾਣਗੇ ਜਿਨ੍ਹਾਂ ਦੁਆਰਾ ਦਰਸ਼ਕਾਂ ਨੂੰ ਚੰਗੀ ਸੇਧ ਵੀ ਮਿਲੇਗੀ ਜਿਵੇਂ ਸਾਹਿਤਿਕ, ਕਲਚਰਲ ਅਤੇ ਮਨੋਰੰਜਨ ਭਰਪੂਰ ਪ੍ਰੋਗਰਾਮ ਹੋਣਗੇ।

ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਪੰਜਾਬੀ ਕਾਮੇਡੀ ਕਲਾਕਾਰ ਅਤੇ ਮੌਜੂਦਾ ਚੇਅਰਮੈਨ ਫੂਡ ਕਮਿਸ਼ਨ ਪੰਜਾਬ ਸ਼੍ਰੀ ਬਾਲ ਮੁਕੰਦ ਸ਼ਰਮਾ ਜੀ ਰਹੇ। ਜਿਨ੍ਹਾਂ ਨੇ ਰਿਬਨ ਕੱਟਣ ਦੀ ਰਸਮ ਨਿਭਾਈ ਤੇ ਆਪਣੇ ਅੰਦਾਜ਼ ਵਿੱਚ ਉਦਘਾਟਨੀ ਸ਼ਬਦਾਂ ਦੇ ਨਾਲ ਨਾਲ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਚੈਨਲ ਦੀ ਪੂਰੀ ਟੀਮ ਨੂੰ ਹੌਂਸਲਾ ਅਫਜ਼ਾਈ ਤੇ ਸ਼ੁਭਕਾਮਨਾਵਾਂ ਦਿੱਤੀਆਂ। ਇਸਦੇ ਵਿਸ਼ੇਸ਼ ਮਹਿਮਾਨ ਪੀ.ਐਸ. ਆਰਟਸ ਐਂਡ ਕਲਚਰਲ ਸੁਸਾਇਟੀ ਦੇ ਪ੍ਰਧਾਨ ਸ਼੍ਰੀ ਪਰਵੀਨ ਸੰਧੂ ਰਹੇ। ਇਸ ਉਦਘਾਟਨ ਸਮਾਰੋਹ ਵਿੱਚ ਕਈ ਖ਼ਾਸ ਸ਼ਖ਼ਸੀਅਤਾਂ ਵੀ ਸ਼ਾਮਿਲ ਹੋਈਆਂ – ਪਰਮਵੀਰ ਸਿੰਘ, ਪ੍ਰਭਜੋਤ ਕੌਰ ਢਿੱਲੋਂ, ਅਮਰਜੀਤ ਸਿੰਘ ਢਿੱਲੋਂ, ਸਿੰਗਰ ਗੁਰਮੀਤ ਕੌਰ ਕੁਲਾਰ, ਬੈਨੀਪਾਲ ਸਿਸਟਰਸ ਅਮਰਜੀਤ ਕੌਰ, ਜੱਸ ਕੁਲਾਰ, ਸ਼ਾਇਰ ਭੱਟੀ, ਜਤਿੰਦਰ ਬਿੱਟੂ, ਰਾਜਦੀਪ ਕੌਰ (ਜਨਰਲ ਸਕੱਤਰ ਪੀ. ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ), ਨਾਮਵਰ ਮਾਡਲ ਹੀਨਾ ਪਟਿਆਲ,ਪਰਮਜੀਤ ਕੌਰ, ਸ੍ਰਿਸ਼ਟੀ, ਰਵਿੰਦਰ ਰਵੀ, ਦਿਨੇਸ਼ ਸ਼ਰਮਾ, ਜਤਿੰਦਰ ਕੁਮਾਰ, ਜਗਦੀਪ, ਰੁਪਾਲੀ, ਨਿਵੇਦਿਤਾ, ਆਕ੍ਰਿਤੀ ।

ਸਾਰਿਆਂ ਨੇ ਸਬਲੋਕ ਚੈਨਲ ਦੇ ਸਰਪ੍ਰਸਤ ਸ਼੍ਰੀ ਸਵਰਨ ਸਿੰਘ ਨੂੰ ਢੇਰ ਸ਼ੁਭਕਾਮਨਾਵਾਂ ਦਿੱਤੀਆਂ।

## ਆਈ ਪੀ ਐਲ -24-ਵੇਰਕਾ ਬਣਿਆ 'ਪੰਜਾਬ ਕਿੰਗਜ਼' ਦਾ ਅਧਿਕਾਰਤ ਡੇਅਰੀ ਪਾਰਟਨਰ

### ਵੇਰਕਾ ਦੇ ਉਤਪਾਦਾਂ 'ਤੇ ਵਿਖਾਈਆਂ ਜਾਣਗੀਆਂ 'ਪੰਜਾਬ ਕਿੰਗਜ਼' ਦੇ ਦਿੱਗਜ਼ ਖਿਡਾਰੀਆਂ ਦੀਆਂ ਤਸਵੀਰਾਂ

ਵਰਲਡ ਪੰਜਾਬੀ ਟਾਈਮਜ਼

ਚੰਡੀਗੜ੍ਹ – 24 ਮਾਰਚ : ਪੰਜਾਬ ਦੇ ਦੁੱਧ ਅਤੇ ਦੁੱਧ ਉਤਪਾਦਾਂ ਦਾ ਮਸ਼ਹੂਰ ਬ੍ਰਾਂਡ ਵੇਰਕਾ ਇਸ ਮਾਰਚ ਵਿਚ ਸ਼ੁਰੂ ਹੋਣ ਵਾਲੀ ਇੰਡੀਅਨ ਪ੍ਰੀਮੀਅਰ ਲੀਗ (ਆਈਪੀਐਲ) ਦੇ 17ਵੇਂ ਐਡੀਸ਼ਨ ਲਈ ਅਧਿਕਾਰਤ ਡੇਅਰੀ ਪਾਰਟਨਰ ਵਜੋਂ ਪੰਜਾਬ ਕਿੰਗਜ਼ ਨਾਲ ਸਹਿਯੋਗ ਦਾ ਐਲਾਨ ਕਰਕੇ ਬਹੁਤ ਖੁਸ਼ ਹੈ। ਇਹ ਭਾਈਵਾਲੀ ਇਕ ਮਹੱਤਵਪੂਰਨ ਮੌਕਾ ਹੈ ਕਿਉਂਕਿ ਵੇਰਕਾ ਲੱਖਾਂ ਪ੍ਰਸ਼ੰਸਕਾਂ ਨੂੰ ਪ੍ਰੇਰਿਤ ਕਰਨ ਅਤੇ ਦੇਸ਼ ਦੇ ਸੁਆਦਾਂ, ਸੁਪਨਿਆਂ ਅਤੇ ਇੱਛਾਵਾਂ ਦੀ ਨੁਮਾਇੰਦਗੀ ਕਰਨ ਦੇ ਟੀਚੇ ਨਾਲ ਪਹਿਲੀ ਵਾਰ ਪੰਜਾਬ ਕਿੰਗਜ਼ ਨਾਲ ਹੱਥ ਮਿਲਾ ਰਿਹਾ ਹੈ।

ਟੀ -20 ਸੀਜ਼ਨ ਦੇ ਉਤਸ਼ਾਹ ਦੇ ਵਿਚਕਾਰ, ਪੰਜਾਬ ਕਿੰਗਜ਼ ਅਤੇ ਵੇਰਕਾ ਵਿਚਕਾਰ ਗੱਠਜੋੜ ਗੁਣਵੱਤਾ, ਭਾਈਚਾਰਕ ਭਾਵਨਾ ਅਤੇ ਸਾਂਝੀਆਂ ਕਦਰਾਂ ਕੀਮਤਾਂ 'ਤੇ ਮਜ਼ਬੂਤ ਧਿਆਨ ਕੇਂਦਰਤ ਕਰਨ ਦੇ ਨਾਲ ਲੀਗ ਦੇ ਤਜ਼ਰਬੇ ਨੂੰ ਅਮੀਰ




ਬਣਾਉਣ ਦਾ ਵਾਅਦਾ ਕਰਦਾ ਹੈ- ਬੁਨਿਆਦੀ ਸਿਧਾਂਤ ਜੋ ਵੇਰਕਾ ਦੇ ਨੈਤਿਕਤਾ ਵਿੱਚ ਇਸਦੀ ਸ਼ੁਰੂਆਤ ਤੋਂ ਹੀ ਡੂੰਘੇ ਤੌਰ 'ਤੇ ਜੁੜੇ ਹੋਏ ਹਨ। ਵੇਰਕਾ ਦੇ ਉਤਪਾਦਾਂ ਵਿਚ ਪੰਜਾਬ ਕਿੰਗਜ਼ ਦੇ ਦਿੱਗਜ਼ ਖਿਡਾਰੀਆਂ ਦੀਆਂ ਤਸਵੀਰਾਂ ਦਿਖਾਈਆਂ ਜਾਣਗੀਆਂ, ਜਿਸ ਨਾਲ ਕ੍ਰਿਕਟ ਪ੍ਰੇਮੀਆਂ, ਪ੍ਰਸ਼ੰਸਕਾਂ ਅਤੇ ਬ੍ਰਾਂਡ ਵੇਰਕਾ ਦੇ ਵਫ਼ਾਦਾਰ ਗਾਹਕਾਂ ਵਿਚ ਉਤਸ਼ਾਹ ਅਤੇ ਸ਼ਮੂਲੀਅਤ ਵਧੇਗੀ। ਕਮਲ ਕੁਮਾਰ ਗਰਗ, ਮੈਨੇਜਿੰਗ ਡਾਇਰੈਕਟਰ, ਵੇਰਕਾ, ਮਿਲਕਫੈਡ ਪੰਜਾਬ ਨੇ ਸਾਂਝੇਦਾਰੀ ਬਾਰੇ ਉਤਸ਼ਾਹ ਜ਼ਾਹਰ ਕਰਦਿਆਂ ਕਿਹਾ ਕਿ "ਅਸੀਂ ਆਈਪੀਐਲ 2024 ਲਈ ਪੰਜਾਬ ਕਿੰਗਜ਼ ਦੇ ਅਧਿਕਾਰਤ ਡੇਅਰੀ ਪਾਰਟਨਰ ਵਜੋਂ ਇਸ ਦਿਲਚਸਪ ਯਾਤਰਾ ਦੀ ਸ਼ੁਰੂਆਤ ਕਰ ਕੇ ਬਹੁਤ ਖੁਸ਼ ਹਾਂ।

ਇਹ ਸਹਿਯੋਗ ਨਾ ਸਿਰਫ਼ ਪੰਜਾਬ ਵਿਚ ਸਾਡੀਆਂ ਸਾਂਝੀਆਂ ਜੜ੍ਹਾਂ ਦਾ ਜਸ਼ਨ ਮਨਾਉਂਦਾ ਹੈ ਬਲਕਿ ਉੱਤਮਤਾ ਪ੍ਰਤੀ ਸਾਡੀ ਆਪਸੀ ਵਚਨਬੱਧਤਾ 'ਤੇ ਵੀ ਜ਼ੋਰ ਦਿੰਦਾ ਹੈ। ਵੇਰਕਾ ਅਤੇ ਪੰਜਾਬ ਕਿੰਗਜ਼ ਦੋਵੇਂ ਹੀ ਪੰਜਾਬ ਦੀ ਜੀਵੰਤ ਭਾਵਨਾ ਨੂੰ ਦਰਸਾਉਂਦੇ ਹਨ, ਜੋ ਆਪਣੇ ਅਮੀਰ ਸੱਭਿਆਚਾਰ, ਮਜ਼ਬੂਤ ਭਾਈਚਾਰਕ ਸਬੰਧਾਂ, ਨੈਤਿਕਤਾਵਾਂ, ਉੱਚ ਕਦਰਾਂ-ਕੀਮਤਾਂ ਅਤੇ ਸਫਲਤਾ ਪ੍ਰਤੀ ਅਟੁੱਟ ਸਮਰਪਣ ਲਈ ਜਾਣਿਆ ਜਾਂਦਾ ਹੈ। ਇਕੱਠੇ ਮਿਲ ਕੇ ਸਾਡਾ ਉਦੇਸ਼ ਏਕਤਾ, ਗੁਣਵੱਤਾ ਅਤੇ ਭਾਈਚਾਰਕ ਸਹਾਇਤਾ ਨੂੰ ਉਤਸ਼ਾਹਤ ਕਰਨਾ ਹੈ ਅਤੇ ਪੰਜਾਬ ਅਤੇ ਇਸ ਤੋਂ ਬਾਹਰ ਦੇ ਲੋਕਾਂ ਪ੍ਰਤੀ ਆਪਣੀ ਦ੍ਰਿੜ ਵਚਨਬੱਧਤਾ ਦੀ ਪੁਸ਼ਟੀ ਕਰਨਾ ਹੈ।


ਕੇਪੀਐਚ ਡ੍ਰੀਮ ਕ੍ਰਿਕਟ ਲਿਮਟਿਡ ਦੇ ਸੀਈਓ ਸਤੀਸ਼ ਮੈਨਨ ਨੇ ਕਿਹਾ, "ਅਸੀਂ ਪ੍ਰਮੁੱਖ ਬ੍ਰਾਂਡ ਵੇਰਕਾ ਨੂੰ ਆਪਣਾ ਅਧਿਕਾਰਤ ਡੇਅਰੀ ਪਾਰਟਨਰ ਬਣਾ ਕੇ ਖੁਸ਼ ਹਾਂ। ਪੰਜਾਬ ਲਈ ਉਨ੍ਹਾਂ ਦਾ ਯੋਗਦਾਨ ਸਭ ਜਾਣਦੇ ਹਨ ਅਤੇ ਸਾਨੂੰ ਯਕੀਨ ਹੈ ਕਿ ਇਹ ਸਹਿਯੋਗ ਸਾਡੇ ਪ੍ਰਸ਼ੰਸਕਾਂ ਨਾਲ ਸੰਪਰਕ ਨੂੰ ਹੋਰ ਮਜ਼ਬੂਤ ਕਰੇਗਾ। 60 ਸਾਲਾਂ ਤੋਂ ਵੱਧ ਦੀ ਵਿਰਾਸਤ ਦੇ ਨਾਲ, ਵੇਰਕਾ ਆਪਣੀ ਸਾਰੀ ਯਾਤਰਾ ਦੌਰਾਨ ਕਿਸਾਨਾਂ ਨੂੰ ਸ਼ਕਤੀਸ਼ਾਲੀ ਬਣਾਉਣ ਵਿਚ ਮੋਹਰੀ ਰਿਹਾ ਹੈ।

ਵੇਰਕਾ ਨੇ 1,200 ਤੋਂ ਵੱਧ ਮਹਿਲਾ ਸੁਸਾਇਟੀਆਂ ਸਮੇਤ 6,000 ਤੋਂ ਵੱਧ ਸੁਸਾਇਟੀਆਂ ਨਾਲ ਸਫਲਤਾਪੂਰਵਕ ਜੁੜਿਆ ਹੈ, ਜਿਸ ਵਿਚ 3 ਲੱਖ ਤੋਂ ਵੱਧ ਕਿਸਾਨਾਂ ਦਾ ਵਿਆਪਕ ਨੈੱਟਵਰਕ ਸ਼ਾਮਲ ਹੈ। ਜਿਸ ਤਰ੍ਹਾਂ ਪੰਜਾਬ ਕਿੰਗਜ਼ ਕ੍ਰਿਕਟ ਦੇ ਮੈਦਾਨ 'ਤੇ ਲਗਾਤਾਰ ਮਾਣ ਹਾਸਲ ਕਰ ਰਹੀ ਹੈ, ਉਸੇ ਤਰ੍ਹਾਂ ਵੇਰਕਾ ਡੇਅਰੀ ਕਿਸਾਨਾਂ ਦੇ ਸਮਾਜਿਕ-ਆਰਥਿਕ ਉਦੇਸ਼ਾਂ, ਡੇਅਰੀ ਉਤਪਾਦਨ ਵਿਚ ਉੱਤਮਤਾ ਅਤੇ ਸਭ ਤੋਂ ਵੱਧ ਲਾਗਤ ਪ੍ਰਭਾਵਸ਼ਾਲੀ ਦਰਾਂ 'ਤੇ ਸੁਰੱਖਿਅਤ ਉਤਪਾਦਾਂ ਨੂੰ ਉਤਸ਼ਾਹਤ ਕਰਨ ਲਈ ਵਚਨਬੱਧ ਹੈ। ਇਹ ਭਾਈਵਾਲੀ ਬਹੁਤ ਅੱਗੇ ਵਧਣ ਜਾ ਰਹੀ ਹੈ।

ਵਰਲਡ ਪੰਜਾਬੀ ਟਾਈਮਜ਼ 24 ਮਾਰਚ 2024 ਦਿਨ ਐਤਵਾਰ

# ਟੀਬੀ ਤਪਦਿਕ ਵਰਗੀਆਂ ਖਤਰਨਾਕ ਬਿਮਾਰੀਆਂ ਨੂੰ ਖਤਮ ਕਰਨ ਲਈ ਹੱਲ ਲੱਭਣ 'ਤੇ ਜ਼ੋਰ ਦੇਣ ਦੀ ਲੋੜ।

### 24 ਮਾਰਚ ਨੂੰ ਵਿਸ਼ਵ ਟੀਬੀ ਦਿਵਸ 'ਤੇ ਵਿਸ਼ੇਸ਼।




24 ਮਾਰਚ 1882 ਨੂੰ ਜਰਮਨ ਵਿਗਿਆਨੀ ਰੌਬਰਟ ਕੋਚ ਨੇ ਟੀਬੀ ਲਈ ਜ਼ਿੰਮੇਵਾਰ ਬੈਕਟੀਰੀਆ ਮਾਈਕੋਬੈਕਟੀਰੀਅਮ ਟਿਊਬਰਕਲੋਸਿਸ ਦੀ ਖੋਜ ਕੀਤੀ। ਉਸ ਦੀ ਖੋਜ ਟੀਬੀ ਦੇ ਇਲਾਜ ਵਿਚ ਬਹੁਤ ਮਦਦਗਾਰ ਰਹੀ। ਇਸ ਬਿਮਾਰੀ ਨੂੰ ਤਪਦਿਕ ਵੀ ਕਿਹਾ ਜਾਂਦਾ ਹੈ। ਉਸ ਨੂੰ ਆਪਣੀ ਖੋਜ ਲਈ 1905 ਵਿੱਚ ਨੋਬਲ ਪੁਰਸਕਾਰ ਵੀ ਮਿਲਿਆ।ਰਾਬਰਟ ਕੋਚ ਦੀ ਖੋਜ ਦੇ ਸਨਮਾਨ ਵਿੱਚ ਟੀਬੀ ਬਾਰੇ ਜਾਗਰੂਕਤਾ ਫੈਲਾਉਣ ਲਈ 24 ਮਾਰਚ ਨੂੰ ਵਿਸ਼ਵ ਟੀਬੀ ਦਿਵਸ ਵਜੋਂ ਮਨਾਇਆ ਜਾਂਦਾ ਹੈ।ਸੰਯੁਕਤ ਰਾਸ਼ਟਰ ਨੇ 2030 ਤੱਕ ਦੁਨੀਆ ਵਿੱਚੋਂ ਟੀਬੀ ਨੂੰ ਖ਼ਤਮ ਕਰਨ ਦਾ ਟੀਚਾ ਰੱਖਿਆ ਹੈ। ਪਰ 2020 ਵਿੱਚ, ਭਾਰਤ ਸਰਕਾਰ ਨੇ ਆਪਣੇ ਰਾਸ਼ਟਰੀ ਟੀਬੀ ਐਲੀਮੀਨੇਸ਼ਨ ਪ੍ਰੋਗਰਾਮ ਦੁਆਰਾ 2025 ਤੱਕ ਦੇਸ਼ ਵਿੱਚੋਂ ਟੀਬੀ ਨੂੰ ਖਤਮ ਕਰਨ ਦਾ ਐਲਾਨ ਕੀਤਾ।

ਵਿਸ਼ਵ ਤਪਦਿਕ ਦਿਵਸ 24 ਮਾਰਚ ਨੂੰ ਡਾ: ਰਾਬਰਟ ਕੋਚ ਵੱਲੋਂ 24 ਮਾਰਚ 1882 ਨੂੰ ਟੀਬੀ ਦੀ ਬਿਮਾਰੀ ਬੇਸਿਲਸ ਦੀ ਖੋਜ ਕਰਨ ਤੇ ਉਹਨਾਂ ਨੂੰ ਸਨਮਾਨ ਦੇਣ ਵਜੋਂ 1982 ਤੋਂ ਪੂਰੇ ਵਿਸ਼ਵ ਵਿਚ ਮਨਾਇਆ ਜਾਣ ਲੱਗਾ। ਇਹ ਦਿਨ ਤਪਦਿਕ ਦੀ ਬਿਮਾਰੀ ਨਾਲ ਸਬੰਧਤ ਸਮੱਸਿਆਵਾਂ ਅਤੇ ਹੱਲਾਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਵਿਸ਼ਵ ਭਰ ਵਿੱਚ ਤਪਦਿਕ ਨਿਯੰਤਰਣ ਯਤਨਾਂ ਨੂੰ ਉਤਸ਼ਾਹਿਤ ਕਰਨ ਲਈ ਮਨਾਇਆ ਜਾਂਦਾ ਹੈ।

ਟੀਬੀ ਇੱਕ ਛੂਤ ਦੀ ਬਿਮਾਰੀ ਹੈ, ਯਾਨੀ ਇੱਕ ਸੰਕ੍ਰਮਿਤ ਬਿਮਾਰੀ, ਜੋ ਬੈਕਟੀਰੀਆ ਕਾਰਨ ਫੈਲਦੀ ਹੈ। ਇਹ ਬੈਕਟੀਰੀਆ ਹੌਲੀ-ਹੌਲੀ ਸਰੀਰ ਦੇ ਸਾਰੇ ਅੰਗਾਂ ਵਿੱਚ ਦਾਖਲ ਹੋ ਜਾਂਦਾ ਹੈ। ਇਹ ਜਿਆਦਾਤਰ ਫੇਫੜਿਆਂ ਵਿੱਚ ਪਾਇਆ ਜਾਂਦਾ ਹੈ। ਫੇਫੜਿਆਂ ਤੋਂ ਇਲਾਵਾ ਅੰਤੜੀਆਂ, ਦਿਮਾਗ, ਹੱਡੀਆਂ, ਜੋੜ, ਗੁਰਦੇ, ਚਮੜੀ ਅਤੇ ਦਿਲ ਵੀ ਤਪਦਿਕ ਤੋਂ ਪ੍ਰਭਾਵਿਤ ਹੋ ਸਕਦੇ ਹਨ।

ਵਿਸ਼ਵ ਸਿਹਤ ਸੰਗਠਨ ਅਨੁਸਾਰ ਤਪਦਿਕ ਦੇ ਮਰੀਜ਼ਾਂ ਦੀ ਗਿਣਤੀ ਦਿਨੋ-ਦਿਨ ਵੱਧ ਰਹੀ ਹੈ। ਭਾਰਤ ਵਿੱਚ ਲਗਭਗ 25 ਲੱਖ ਲੋਕ ਇਸ ਬਿਮਾਰੀ ਦੇ ਸ਼ਿਕਾਰ ਹਨ।ਇਹ ਬਿਮਾਰੀ ਭਾਰਤ ਵਿੱਚ ਇੱਕ ਵੱਡੀ ਸਿਹਤ ਸਮੱਸਿਆ ਹੈ, ਜਿਸ ਕਾਰਨ ਹਰ ਸਾਲ ਲਗਭਗ 220,000 ਮੌਤਾਂ ਹੁੰਦੀਆਂ ਹਨ।

ਟੀਬੀ ਦੇ ਲੱਛਣ

ਛਾਤੀ ਵਿੱਚ ਗੰਭੀਰ ਦਰਦ, ਭੁੱਖ ਨਾ ਲੱਗਣਾ, ਬੁਖਾਰ, ਸਾਹ ਲੈਣ ਵਿੱਚ ਤਕਲੀਫ਼, ਖੂਨੀ ਬਲਗ਼ਮ, ਤਿੰਨ ਹਫ਼ਤਿਆਂ ਤੋਂ ਵੱਧ ਖਾਂਸੀ, ਅਚਾਨਕ ਭਾਰ ਘਟਣਾ ਆਦਿ।

ਤਪਦਿਕ ਕਿਵੇਂ ਫੈਲਦਾ ਹੈ?

ਤਪਦਿਕ ਰੋਗ ਜਾਂ ਟੀਬੀ ਨਾਲ ਸੰਕਰਮਿਤ ਮਰੀਜ਼ਾਂ ਦੇ ਕਫ, ਛਿੱਕ, ਖੰਘ, ਥੁੱਕਣਾ ਅਤੇ ਸਾਹ ਛੱਡਣ ਨਾਲ ਹਵਾ ਵਿੱਚ ਬੈਕਟੀਰੀਆ ਫੈਲਦੇ ਹਨ, ਜੋ ਕਈ ਘੰਟਿਆਂ ਤੱਕ ਹਵਾ ਵਿੱਚ ਰਹਿੰਦੇ ਹਨ। ਉਹ ਬੈਕਟੀਰੀਆ ਹਵਾ ਦੇ ਕਾਰਨ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਜਾਂਦਾ ਹੈ, ਜਿਸ ਕਾਰਨ ਤੰਦਰੁਸਤ ਲੋਕ ਵੀ ਆਸਾਨੀ ਨਾਲ ਤਪਦਿਕ ਦਾ ਸ਼ਿਕਾਰ ਹੋ ਜਾਂਦੇ ਹਨ। ਜਦੋਂ ਤਪਦਿਕ ਰੋਗ ਦਾ ਬੈਕਟੀਰੀਆ ਸਾਹ ਰਾਹੀਂ ਫੇਫੜਿਆਂ ਤੱਕ ਪਹੁੰਚਦਾ ਹੈ ਤਾਂ ਇਹ ਹੌਲੀ-ਹੌਲੀ ਸਰੀਰ ਦੇ ਹੋਰ ਅੰਗ ਵਿੱਚ ਫੈਲਣਾ ਸ਼ੁਰੂ ਕਰ ਦਿੰਦਾ ਹੈ।

ਹਾਲਾਂਕਿ ਸਰੀਰ ਦੀ ਇਮਿਊਨਿਟੀ ਇਸਨੂੰ ਵਧਣ ਤੋਂ ਰੋਕਦੀ ਹੈ ਪਰ ਜਿਵੇਂ-ਜਿਵੇਂ ਸਰੀਰ ਦੀ ਇਮਿਊਨਿਟੀ ਕਮਜ਼ੋਰ ਹੁੰਦੀ ਜਾਂਦੀ ਹੈ, ਤਪਦਿਕ ਦੀ ਲਾਗ ਦਾ ਖ਼ਤਰਾ ਵੱਧ ਜਾਂਦਾ ਹੈ।

ਇੱਥੇ ਇੱਕ ਗੱਲ ਖਾਸ ਤੌਰ 'ਤੇ ਧਿਆਨ ਦੇਣ ਯੋਗ ਹੈ ਕਿ ਟੀ.ਬੀ ਦੀ ਬਿਮਾਰੀ ਕਿਸੇ ਸੰਕਰਮਿਤ ਵਿਅਕਤੀ ਦੇ ਕੱਪੜਿਆਂ, ਬਰਤਨਾਂ ਆਦਿ ਨੂੰ ਛੂਹਣ ਨਾਲ ਨਹੀਂ ਫੈਲਦੀ।

ਤਪਦਿਕ ਦੀ ਜਾਂਚ ਕਰਨ ਲਈ ਬਹੁਤ ਸਾਰੇ ਟੈਸਟ ਉਪਲਬਧ ਹਨ, ਜਿਵੇਂ ਕਿ ਛਾਤੀ ਦਾ ਐਕਸ-ਰੇ, ਥੁੱਕ, ਬਲਗਮ ਦਾ ਟੈਸਟ, ਚਮੜੀ ਦਾ ਟੈਸਟ ਆਦਿ। ਇਸ ਤੋਂ ਇਲਾਵਾ ਆਧੁਨਿਕ ਤਕਨੀਕ ਰਾਹੀਂ ਆਈਜੀਐਮ ਹੀਮੋਗਲੋਬਿਨ ਦੀ ਜਾਂਚ ਕਰਕੇ ਵੀ ਟੀਬੀ ਦਾ ਪਤਾ ਲਗਾਇਆ ਜਾ ਸਕਦਾ ਹੈ। ਇਸ ਸਬੰਧੀ ਜਾਂਚ ਕਈ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤੀ ਜਾਂਦੀ ਹੈ।

ਟੀਬੀ ਦੇ ਵਿਰੁੱਧ ਰੋਕਥਾਮ ਉਪਾਅ ਅਤੇ ਸਾਵਧਾਨੀਆਂ—-

ਤਪਦਿਕ ਇੱਕ ਅਜਿਹੀ ਬਿਮਾਰੀ ਹੈ ਜਿਸਦਾ ਇਲਾਜ ਅਤੇ ਰੋਕਥਾਮ ਕੀਤੀ ਜਾ ਸਕਦੀ ਹੈ।

ਜੇਕਰ ਖੰਘ ਦੋ ਹਫ਼ਤਿਆਂ ਤੋਂ ਵੱਧ ਰਹਿੰਦੀ ਹੈ, ਤਾਂ ਇਸ ਨੂੰ ਡਾਕਟਰ ਨੂੰ ਜ਼ਰੂਰ ਦਿਖਾਓ।


ਜੇਕਰ ਟੀਬੀ ਸੰਕਰਮਿਤ ਲੋਕ ਤੁਹਾਡੇ ਘਰ ਵਿੱਚ ਜਾਂ ਆਲੇ-ਦੁਆਲੇ ਰਹਿੰਦੇ ਹਨ, ਤਾਂ ਉਨ੍ਹਾਂ ਤੋਂ ਦੂਰੀ ਬਣਾ ਕੇ ਰੱਖੋ।

ਜੇਕਰ ਤੁਹਾਡੇ ਆਸ-ਪਾਸ ਕੋਈ ਵਿਅਕਤੀ ਲੰਬੇ ਸਮੇਂ ਤੋਂ ਖੰਘ ਰਿਹਾ ਹੈ, ਤਾਂ ਉਸ ਤੋਂ ਦੂਰ ਰਹੋ ਅਤੇ ਉਸ ਵਿਅਕਤੀ ਨੂੰ ਹਸਪਤਾਲ ਜਾਣ ਦੀ ਸਲਾਹ ਦਿਓ।

ਜੇਕਰ ਤੁਸੀਂ ਕਿਸੇ ਬਿਮਾਰ ਵਿਅਕਤੀ ਦੇ ਸੰਪਰਕ ਵਿੱਚ ਆਉਂਦੇ ਹੋ, ਤਾਂ ਆਪਣੇ ਹੱਥ ਅਤੇ ਮੂੰਹ ਧੋਵੋ।ਜੇਕਰ ਤੁਹਾਨੂੰ ਲੰਬੇ ਸਮੇਂ ਤੋਂ ਖਾਂਸੀ ਹੋ ਰਹੀ ਹੈ ਤਾਂ ਥੁੱਕ ਬਲਗਮ ਦੀ ਜਾਂਚ ਜ਼ਰੂਰ ਕਰੋ।ਭੋਜਨ ਵਿੱਚ ਅਜਿਹਾ ਪੌਸ਼ਟਿਕ ਭੋਜਨ ਲਓ ਜਿਸ ਵਿੱਚ ਵਿਟਾਮਿਨ, ਖਣਿਜ ਲੂਣ, ਕੈਲਸ਼ੀਅਮ, ਪ੍ਰੋਟੀਨ ਅਤੇ ਫਾਈਬਰ ਕਾਫ਼ੀ ਮਾਤਰਾ ਵਿੱਚ ਹੋਵੇ ਕਿਉਂਕਿ ਪੌਸ਼ਟਿਕ ਭੋਜਨ ਸਾਡੀ ਇਮਿਊਨ ਸਿਸਟਮ ਨੂੰ ਮਜ਼ਬੂਤ ਬਣਾਉਂਦਾ ਹੈ।

ਹਰ ਸਾਲ ਸਿਹਤ ਸੰਸਥਾਵਾਂ, ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਅਤੇ ਹੋਰ ਸਿਹਤ ਏਜੰਸੀਆਂ ਵੱਲੋਂ ਵਿਸ਼ਵ ਭਰ ਵਿੱਚ ਆਮ ਲੋਕਾਂ ਵਿੱਚ ਤਪਦਿਕ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ।ਇਸ ਵਾਰ 2024 ਵਿੱਚ ਵੀ 2023 ਵਾਲ਼ੇ ਥੀਮ ਨੂੰ ਹੀ ਕੰਸਿਡਰ ਕੀਤਾ ਗਿਆ ਹੈ 'ਹਾਂ! ਅਸੀਂ ਟੀਬੀ ਨੂੰ ਖਤਮ ਕਰ ਸਕਦੇ ਹਾਂ!',. ਇਸ ਦਿਨ ਨੂੰ ਮਨਾਉਣ ਦਾ ਮਕਸਦ ਵਿਸ਼ਵ ਵਿੱਚ ਟੀ.ਬੀ./ਟੀ.ਬੀ./ਤਪਦਿਕ ਪ੍ਰਤੀ ਜਾਗਰੂਕਤਾ ਵਧਾਉਣਾ ਹੈ। ਇਸ ਦਿਨ ਨੂੰ ਟੀਬੀ ਵਰਗੀਆਂ ਖਤਰਨਾਕ ਬਿਮਾਰੀਆਂ ਨੂੰ ਖਤਮ ਕਰਨ ਲਈ ਹੱਲ ਲੱਭਣ 'ਤੇ ਜ਼ੋਰ ਦੇਣ ਦੇ ਉਦੇਸ਼ ਨਾਲ ਮਨਾਇਆ ਜਾਂਦਾ ਹੈ।

# ਗੁਰਦੀਸ਼ ਕੌਰ ਗਰੇਵਾਲ ਦਾ ਕਾਵਿ ਸੰਗ੍ਰਹਿ 'ਆ ਨੀ ਚਿੜੀਏ' ਬੱਚਿਆਂ ਲਈ ਪ੍ਰੇਰਨਾ ਸ੍ਰੋਤ




ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਗੁਰਦੀਸ਼ ਕੌਰ ਗਰੇਵਾਲ ਪੰਜਾਬੀ ਦੀ ਸਮਰੱਥ ਸਾਹਿਤਕਾਰ ਹੈ। ਉਹ ਸਾਹਿਤ ਦੇ ਚਾਰ ਰੂਪਾਂ ਕਵਿਤਾ, ਗੀਤ, ਗ਼ਜ਼ਲ ਅਤੇ ਵਾਰਤਕ ਲਿਖਦੀ ਹੈ। ਉਸ ਦੀਆਂ ਹੁਣ ਤੱਕ ਅੱਧਾ ਦਰਜਨ ਤੋਂ ਵੱਧ ਕਵਿਤਾ ਅਤੇ ਵਾਰਤਕ ਦੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਮੈਨੂੰ ਉਸ ਦੀਆਂ ਸਾਰੀਆਂ ਪੁਸਤਕਾਂ ਪੜ੍ਹਨ ਦਾ ਮਾਣ ਪ੍ਰਾਪਤ ਹੈ। ਉਸ ਦੇ ਵਿਸ਼ੇ ਆਮ ਤੌਰ 'ਤੇ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਪ੍ਰਕ੍ਰਿਤੀ ਨਾਲ ਸੰਬੰਧਤ ਹੁੰਦੇ ਹਨ। ਉਹ ਮੁੱਢਲੇ ਤੌਰ 'ਤੇ ਸਿੱਖ ਧਰਮ ਨੂੰ ਪ੍ਰਣਾਈ ਹੋਈ ਸਾਹਿਤਕਾਰ ਹੈ। ਉਸ ਦੀ ਸ਼ਬਦਾਵਲੀ ਮਲਵਈ ਭਾਸ਼ਾ ਵਿੱਚ ਰੰਗੀ ਹੋਈ ਹੁੰਦੀ ਹੈ। ਉਸ ਦੀ ਹਰ ਰਚਨਾ ਵਿੱਚੋਂ ਸਿੱਖ ਧਰਮ ਦੀ ਵਿਚਾਰਧਾਰਾ ਦੀ ਖ਼ੁਸ਼ਬੋ ਆਉਂਦੀ ਹੈ। 'ਆ ਨੀ ਚਿੜੀਏ' ਬੱਚਿਆਂ ਲਈ ਉਸ ਦੀ ਇਹ ਪਲੇਠੀ ਕਾਵਿ ਪੁਸਤਕ ਹੈ। ਵਡੇਰੀ ਉਮਰ ਵਿੱਚ ਬੱਚਿਆਂ ਲਈ ਲਿਖਣਾ ਹੋਰ ਵੀ ਮੁਸ਼ਕਲ ਹੁੰਦਾ ਹੈ ਕਿਉਂਕਿ ਬੱਚਿਆਂ ਲਈ ਲਿਖਣ ਸਮੇਂ ਖੁਦ ਬੱਚਾ ਬਣਕੇ ਲਿਖਣਾ ਪੈਂਦਾ ਹੈ। ਬਚਪਨ ਦੀ ਸਥਿਤੀ ਵਿੱਚ ਪਹੁੰਚਕੇ ਲਿਖਣਾ ਪੈਂਦਾ ਹੈ ਤਾਂ ਜੋ ਬੱਚੇ ਸਮਝ ਸਕਣ। ਵੈਸੇ ਕਿਤੇ ਵਜੋਂ ਗੁਰਦੀਸ਼ ਕੌਰ ਗਰੇਵਾਲ ਅਧਿਆਪਕਾ ਰਹੀ ਹੈ, ਇਸ ਲਈ ਉਸ ਦਾ ਵਾਹ ਬੱਚਿਆਂ/ਵਿਦਿਆਰਥੀਆਂ ਨਾਲ ਪੈਂਦਾ ਰਿਹਾ ਹੈ। ਇਸ ਕਰਕੇ ਉਹ ਬੱਚਿਆਂ ਦੀ ਮਾਨਸਿਕਤਾ ਬਾਰੇ ਵੀ ਭਲੀ ਭਾਂਤ ਜਾਣਕਾਰੀ ਰੱਖਦੀ ਹੈ। ਗੁਰਦੀਸ਼ ਕੌਰ ਗਰੇਵਾਲ ਦੀ ਬਾਲ ਕਵਿਤਾਵਾਂ ਦੀ ਪੁਸਤਕ 'ਆ ਨੀ ਚਿੜੀਏ' ਬੱਚਿਆਂ ਲਈ ਪ੍ਰੇਰਨਾ ਸ੍ਰੋਤ ਸਾਬਤ ਹੋਵੇਗੀ। ਜਿਹੋ ਜਹੇ ਵਾਤਾਵਰਨ ਅਤੇ ਹਾਲਾਤ ਵਿੱਚ ਬੱਚੇ ਵਿਚਰਦੇ ਹਨ, ਅਰਥਾਤ ਉਨ੍ਹਾਂ ਦੀ ਪਰਵਰਿਸ਼ ਹੁੰਦੀ ਹੈ, ਬਾਲ ਕਵਿਤਾਵਾਂ ਉਹੋ ਜਹੀਆਂ ਹੀ ਸਰਲ ਭਾਸ਼ਾ ਵਿੱਚ ਹੋਣੀਆਂ ਚਾਹੀਦੀਆਂ ਹਨ। ਕਵਿਤਰੀ ਭਾਵੇਂ ਇਸ ਸਮੇਂ ਪਰਵਾਸ ਵਿੱਚ ਕੈਨੇਡਾ ਦੇ ਕੈਲਗਰੀ ਸ਼ਹਿਰ ਵਿਚ ਰਹਿ ਰਹੀ ਹੈ ਪ੍ਰੰਤੂ ਪੰਜਾਬੀ ਭਾਸ਼ਾ, ਸਭਿਅਚਾਰ ਅਤੇ ਰਹਿਤਲ ਨਾਲ ਗੜੁੱਚ ਹੈ। ਉਸ ਦਾ ਪੇਕਾ ਪਰਿਵਾਰ ਜਲੰਧਰ ਜਿਲ੍ਹੇ ਨਾਲ ਸੰਬੰਧ ਰੱਖਦਾ ਹੈ, ਜਿਸ ਕਰਕੇ ਉਸ ਦਾ ਪਾਲਣ ਪੋਸ਼ਣ ਉਥੇ ਹੀ ਹੋਇਆ ਹੈ ਪ੍ਰੰਤੂ ਉਸ ਦਾ ਵਿਆਹ ਲੁਧਿਆਣਾ ਜਿਲ੍ਹੇ ਵਿੱਚ ਹੋਣ ਕਰਕੇ ਉਸ ਨੇ ਆਪਣਾ ਸਾਰਾ ਜੀਵਨ ਲੁਧਿਆਣਾ ਵਿਖੇ ਬੱਚਿਆਂ ਨੂੰ ਪੜ੍ਹਾਉਦਿਆਂ ਬਸਰ ਕੀਤਾ ਹੈ। ਇਸ ਕਰਕੇ ਉਸ ਦੀ ਲੇਖਣੀ ਵਿੱਚ ਮਲਵਈ ਮਹਿਕ ਆਉਂਦੀ ਹੈ। ਉਹ ਹਮੇਸ਼ਾ ਪੰਜਾਬ ਦੀ ਮਿੱਟੀ ਦੀ ਮਹਿਕ ਖਿਲਾਰਦੀ ਰਹਿੰਦੀ ਹੈ। ਗੁਰਦੀਸ਼ ਕੌਰ ਗਰੇਵਾਲ ਦੀਆਂ ਸਾਰੀਆਂ ਬਾਲ ਕਵਿਤਾਵਾਂ ਇਨ੍ਹਾਂ ਮਾਪ ਦੰਡਾਂ 'ਤੇ ਪੂਰੀਆਂ ਉਤਰਦੀਆਂ ਹਨ। ਬੱਚਿਆਂ ਦੇ ਮਨ ਸੰਗੀਤ ਦੀਆਂ ਧੁਨਾਂ ਅਤੇ ਗੂੜ੍ਹੇ ਸ਼ੋਖ਼ ਰੰਗਾਂ ਤੋਂ ਬਹੁਤ ਜਲਦੀ ਪ੍ਰਭਾਵਤ ਹੁੰਦੇ ਹਨ। ਗੀਤ/ਕਵਿਤਾਵਾਂ ਨੂੰ ਸਮਝਣ ਲਈ ਹਰ ਕਵਿਤਾ/ਗੀਤ ਦੇ ਨਾਲ ਸ਼ੋਖ਼ ਰੰਗਾਂ ਵਾਲੇ ਚਿਤਰ ਦਿੱਤੇ ਗਏ ਹਨ। ਸ਼ੋਖ਼ ਰੰਗ ਵੀ ਬੱਚਿਆਂ ਦੇ ਮਨਾਂ ਨੂੰ ਮੋਂਹਦੇ ਹੋਏ ਅਤਿਅੰਤ ਪ੍ਰਭਾਵਤ ਕਰਦੇ ਹਨ। ਰੰਗਾਂ, ਚਿਤਰਾਂ ਅਤੇ ਕਾਵਿ ਸ੍ਰੋਦੀ ਸ਼ੈਲੀ ਵਾਲੀਆਂ ਕਵਿਤਾਵਾਂ/ਗੀਤ ਸੋਨੇ ਤੇ ਸੁਹਾਗੇ ਦਾ ਕੰਮ ਕਰਨਗੇ। ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ/ਗੀਤ ਵੀ ਲੈ ਬੱਧ, ਸ੍ਰੋਦੀ ਤੇ ਸੰਗੀਤਮਈ ਹਨ, ਜਿਸ ਕਰਕੇ ਇਨ੍ਹਾਂ ਦਾ ਬੱਚਿਆਂ ਦੇ ਮਨਾ 'ਤੇ ਗਹਿਰਾ ਪ੍ਰਭਾਵ ਪਵੇਗਾ। ਬੱਚਿਆਂ ਦਾ ਪੰਜਾਬੀ ਬੋਲੀ ਨਾਲ ਮੋਹ ਤੇ ਲਗਾਵ ਵਧੇਗਾ। ਕਾਵਿ ਸੰਗ੍ਰਹਿ ਦੀ ਇਹ ਵੱਡੀ ਪ੍ਰਾਪਤੀ ਹੋਵੇਗੀ ਕਿਉਂਕਿ ਅੱਜ ਕਲ੍ਹ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿੱਚ ਪੜ੍ਹਾਉਣ ਦੀ ਪ੍ਰਵਿਰਤੀ ਭਾਰੂ ਹੈ। ਜੇਕਰ ਉਨ੍ਹਾਂ ਸਕੂਲਾਂ ਵਿੱਚ ਵੀ ਅਜਿਹੇ ਗੂੜ੍ਹੇ ਰੰਗਾਂ ਵਾਲੇ ਚਿਤਰਾਂ ਵਾਲੀਆਂ ਪੁਸਤਕਾਂ ਨਾਲ ਪੜ੍ਹਾਇਆ ਜਾਵੇ ਤਾਂ ਬੱਚੇ ਜ਼ਰੂਰ ਪੰਜਾਬੀ ਨੂੰ ਪ੍ਰਵਾਨ ਕਰਨਗੇ। ਇਹ ਬਾਲ ਕਾਵਿ ਸੰਗ੍ਰਹਿ ਪ੍ਰਵਾਸ ਵਿੱਚ ਵਸੇ ਬੱਚਿਆਂ ਲਈ ਵੀ ਬਹੁਤ ਹੀ ਮਹੱਤਵਪੂਰਨ ਸਾਬਤ ਹੋਵੇਗਾ, ਕਿਉਂਕਿ ਬੱਚਿਆਂ ਲਈ ਇਹ ਕਵਿਤਾਵਾਂ ਉਥੇ ਦੇ ਵਾਤਾਵਰਨ ਮੁਤਾਬਕ ਬੱਚਿਆਂ ਲਈ ਅਚੰਭਾ ਹੋਣਗੀਆਂ। ਜਿਹੜੀਆਂ ਚੀਜ਼ਾਂ ਬੱਚਿਆਂ ਨੂੰ ਅਚੰਭਾ ਲਗਦੀਆਂ ਹਨ, ਉਨ੍ਹਾਂ ਵਲ ਉਹ ਜਲਦੀ ਉਤੇਜਤ ਹੁੰਦੇ ਹਨ। ਜਾਨਵਰਾਂ, ਸ਼ੇਰਾਂ, ਜੈਬਰਿਆਂ, ਲੰਗੂਰਾਂ, ਮੋਰਾਂ, ਪੰਛੀਆਂ, ਪਸ਼ੂਆਂ, ਰੰਗ ਬਿਰੰਗੇ ਫੁੱਲਾਂ, ਤਿਤਲੀਆਂ, ਪਤੰਗਾਂ, ਬੱਚਿਆਂ, ਗੁਬਾਰਿਆਂ, ਰੁੱਖਾਂ, ਸਾਈਕਲ ਚਲਾਉਂਦੇ ਬੱਚਿਆਂ, ਜਹਾਜ, ਮੰਮੀ ਪਾਪਾ ਅਤੇ ਦਾਦਾ ਦਾਦੀਆਂ ਆਦਿ ਦੀਆਂ ਤਸਵੀਰਾਂ ਬੱਚਿਆਂ ਲਈ ਖਿਚ ਦਾ ਕਾਰਨ ਬਣਨਗੀਆਂ। ਅਰਥਾਤ ਉਨ੍ਹਾਂ ਬਾਰੇ ਜਾਨਣਾ ਚਾਹੁੰਣਗੇ। ਆਧੁਨਿਕ ਯੁਗ ਦੇ ਬੱਚੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਦੇ ਚਾਹਵਾਨ ਹਨ। ਇਨ੍ਹਾਂ ਬਾਲ ਕਵਿਤਾਵਾਂ/ਗੀਤਾਂ ਦੀ ਇੱਕ ਹੋਰ ਖ਼ੂਬੀ ਹੈ ਕਿ ਇਨ੍ਹਾਂ ਵਿੱਚ ਵਿਗਿਆਨਕ ਸੁਰ ਵੀ ਵਿਖਾਈ ਦਿੰਦੀ ਹੈ, ਜਿਵੇ 'ਸਾਡੀ ਧਰਤੀ ਮਾਂ' ਕਵਿਤਾ ਵਿੱਚ ਧਰਤੀ ਦਾ ਪਾਣੀ ਦੇਣਾ, ਮਿੱਟੀ ਵਿੱਚੋਂ ਪੌਂਦੇ ਬਾਹਰ ਆਉਣੇ ਅਤੇ ਰੁੱਖਾਂ ਦਾ ਉਗਣਾ ਵਿਗਿਆਨ 'ਤੇ ਅਧਾਰਤ ਅਟੱਲ ਸਚਾਈਆਂ ਹਨ। ਕਵਿਤਾਵਾਂ ਦੀ ਵਿਗਿਆਨਕ ਸੁਰ ਸਾਡੀ ਧਰਤੀ ਮਾਂ ਕਵਿਤਾ ਵਿੱਚ ਵਿਖਾਈ ਦਿੰਦੀ ਹੈ, ਜਦੋਂ ਕਵਿੱਤਰੀ ਲਿਖਦੀ ਹੈ:

ਧਰਤੀ ਮਾਂ ਦੀ ਅਜਬ ਕਹਾਣੀ, ਦਿੰਦੀ ਸਾਨੂੰ ਦਾਣਾ ਪਾਣੀ।
ਮਿੱਟੀ ਦੇ ਵਿੱਚ ਬੀਜ ਲੁਕਾਏ, ਬਣ ਕੇ ਪੌਂਦੇ ਬਾਹਰ ਆਏ।
ਫਲ ਫੁੱਲੇ ਸਬਜ਼ੀ ਦੇਵ, ਦਾਲਾਂ ਚੌਲ ਤੇ ਸੁੱਕੇ ਮੇਵੇ।

ਇਸੇ ਤਰ੍ਹਾ 'ਇੱਕ ਰੁੱਖ ਸੌ ਸੁੱਖ' ਕਵਿਤਾ ਵੀ ਵਿਗਿਆਨਕ ਲੀਹਾਂ 'ਤੇ ਹੈ:

ਸਾਡੇ ਪਿਛਵਾੜੇ ਹੈ ਰੁੱਖ, ਸਾਨੂੰ ਦਿੰਦਾ ਸੁੱਖ।
ਜਦ ਮੈਂ ਧੁੱਪੇ ਸੜਦਾ ਹੋਵਾਂ, ਭੱਜ ਕੇ ਰੁੱਖ ਦੇ ਹੇਠ ਖਲੋਵਾਂ।

ਕੁਦਰਤ ਦੇ ਕ੍ਰਿਸ਼ਿਮਿਆਂ ਬਾਰੇ ਵੀ ਕਵਿਤਾਵਾਂ ਹਨ, ਜਿਨ੍ਹਾਂ ਨੂੰ ਬੱਚੇ ਪਸੰਦ ਕਰਦੇ ਹਨ। ਆਧੁਨਿਕ ਸਮੇਂ ਦੇ ਬੱਚੇ ਸਚਾਈ ਤੋਂ ਦੂਰ ਦੀਆਂ ਗੱਲਾਂ 'ਤੇ ਯਕੀਨ ਨਹੀਂ ਕਰਦੇ। 'ਆ ਨੀ ਚਿੜੀਏ ' ਕਾਵਿ ਸੰਗ੍ਰਹਿ ਵਿੱਚ 29 ਗੀਤ/ਕਵਿਤਾਵਾਂ ਹਨ। ਕਾਵਿ ਸੰਗ੍ਰਹਿ ਦਾ ਨਾਮ 'ਆ ਨੀ ਚਿੜੀਏ' ਬਹੁਤ ਹੀ ਢੁਕਵਾਂ ਹੈ। ਚਿੜੀ ਬੱਚਿਆਂ ਲਈ ਮਨਮੋਹਕ ਤੇ ਅਚੰਭਾ ਹੁੰਦੀ ਹੈ। 'ਚਿੜੀਆ ਘਰ ਦੀ ਸੈਰ' ਵਰਗੀ ਕਵਿਤਾ ਪੜ੍ਹਕੇ ਬੱਚੇ ਜਾਨਵਰਾਂ ਨੂੰ ਵੇਖਣ ਦੇ ਇੱਛਕ ਹੋਣਗੇ ਅਤੇ ਇਨ੍ਹਾਂ ਜਾਨਵਰਾਂ ਰਾਹੀਂ ਆਪਣੀ ਵਿਰਾਸਤ ਦੀ ਜਾਣਕਾਰੀ ਪ੍ਰਾਪਤ ਕਰਨਗੇ। ਕਵਿਤਾਵਾਂ/ਗੀਤਾਂ ਦੇ ਸਿਰਲੇਖ ਵੀ ਰੋਜ਼ਾਨਾ ਜੀਵਨ ਵਿੱਚੋਂ ਲਏ ਗਏ ਹਨ, ਜਿਨ੍ਹਾਂ ਦਾ ਬੱਚਿਆਂ ਨਾਲ ਹਰ ਰੋਜ਼ ਵਾਹ ਪੈਂਦਾ ਹੈ। ਉਦਾਹਰਣ ਲਈ ਮੇਰੇ ਡੈਡੀ, ਮੇਰੀ ਮੰਮੀ, ਮੇਰਾ ਸਾਈਕਲ, ਜਨਮ ਦਿਨ, ਦਾਦਾ-ਦਾਦੀ, ਚੰਦ ਤੇ ਤਾਰੇ, ਇਕ ਸੀ ਚਿੜੀ, ਰੱਬਾ ਰੱਬਾ ਮੀਂਹ ਵਰ੍ਹਾ, ਰੰਗ ਬਰੰਗੇ ਫੁੱਲ, ਸਾਡੀ ਧਰਤੀ ਮਾਂ, ਨੰਨ੍ਹੀ ਪਰੀ, ਆ ਨੀ ਤਿਤਲੀ ਅਤੇ ਆਓ ਪਤੰਗ ਉਡਾਈਏ ਆਦਿ।

32 ਪੰਨਿਆਂ, 10 ਡਾਲਰ ਕੀਮਤ, ਵਿਲੱਖਣ ਰੰਗਦਾਰ ਮੁੱਖ ਕਵਰ ਵਾਲਾ ਇਹ ਬਾਲ ਕਾਵਿ ਸੰਗ੍ਰਹਿ ਗੋਸਲ ਪ੍ਰਕਾਸ਼ਨ, ਪਿੰਡ ਗੋਸਲ, ਡਾਕ : ਸਹਾਰਨ ਮਾਜਰਾ, ਤਹਿਸੀਲ : ਪਾਇਲ, ਜ਼ਿਲ੍ਹਾ ਲੁਧਿਆਣਾ ਨੇ ਪ੍ਰਕਾਸ਼ਤ ਕੀਤੀ ਹੈ।

# ਸਿੱਧ-ਪੱਧਰੀ ਗੱਲ!

ਸਭ ਸੋਚ ਕੇ ਪਾਇਓ ਵੋਟ ਵੋਟ।
ਕੰਮ ਤਾਂ ਆਵਣਗੇ ਲੋਟ ਲੋਟ।

ਜੋ ਵੀ ਮੁੱਖ ਰੱਖੂ ਧਰਮ ਧਰਮ।
ਬੱਸ ਕਰੂ ਫਜ਼ੂਲ ਜੇ' ਕਰਮ ਕਰਮ।
ਸਦਾ ਰੱਖੂ ਨਜ਼ਰੀਆ ਤੰਗ ਤੰਗ
ਤੇ ਵਿੰਗੇ, ਟੇਢੇ ਢੰਗ ਢੰਗ।

ਜਿਹੜਾ ਵੀ ਕੂਕੂ ਜਾਤ ਜਾਤ।
ਇੱਕ ਪੱਖ ਦੀ ਕਰੂ ਬੱਸ ਬਾਤ ਬਾਤ।
ਦੇਊ ਜਾਤੀਵਾਦ ਨੂੰ ਚੁੱਕ ਚੁੱਕ।
ਬੱਸ ਚਾਹੂ ਫੋਕੀ ਠੁੱਕ ਠੁੱਕ।

ਜਿਸ ਕਰਿਆ ਬੱਸ ਖੇਤਰ ਖੇਤਰ।
ਉਹ ਵੀ ਨਹੀਂਓ ਬਿਹਤਰ ਬਿਹਤਰ।
ਉਹਦੀ ਜੀਭ ਰਹੂ ਕੌੜੀ ਕੌੜੀ
ਤੇ ਸੋਚ ਸਦਾ ਸੌੜੀ ਸੌੜੀ।

ਜੋ ਵੀ ਬੱਸ ਵੇਖੇ ਲੋਕ ਲੋਕ।
ਉਸ ਵੱਲ ਤਾਕਤ ਦਿਉ ਝੋਕ ਝੋਕ।
ਸਦਾ ਗੱਲ ਕਰੂ ਸਾਂਝੀ ਸਾਂਝੀ।
ਵਿਤਕਰਿਆਂ ਤੋਂ ਵਾਂਝੀ ਵਾਂਝੀ।

ਜੇ ਸਭ ਪਾਸੇ ਖੋਟਾ ਖੋਟਾ।
ਦਿਉ ਦੱਬ ਬਟਨ ਨੋਟਾ ਨੋਟਾ।
ਸਭਨਾਂ 'ਤੇ ਮਾਰ ਲੀਕਾਂ ਲੀਕਾਂ।
ਦੇਵੋ ਕਢਵਾ ਚੀਕਾਂ ਚੀਕਾਂ।

ਸਿੱਧ-ਪੱਧਰੀ ਰੋਮੀ ਦੀ ਗੱਲ ਗੱਲ।
ਸੌਖਾ ਦੱਸਿਆ ਘੜਾਮੇਂ ਹੱਲ ਹੱਲ।
ਨਹੀਂ ਤੇ ਜਿਉਂ ਲੁੱਟਦੇ ਦਿਉ ਲੁੱਟਣ ਲੁੱਟਣ।
ਜਿਵੇਂ ਦਿਲ ਕਰਦਾ ਤਿਵੇਂ ਕੁੱਟਣ ਕੁੱਟਣ।

ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮੇਂ ਵਾਲ਼ਾ